ਕੁੰਜੀ ਭਾਸ਼ਣ:

## ਗੁਰੂ ਨਾਨਕ ਬਾਣੀ ਚਿੰਤਨ : ਪ੍ਰਤਿਰੋਧ ਦਾ ਸਭਿਆਚਾਰ ਤੇ ਦਾਰਸ਼ਨਿਕ ਸੰਵਾਦ

ਜਗਬੀਰ ਸਿੰਘ

ਮਾਣਯੋਗ ਪ੍ਰਧਾਨਗੀ ਮੰਡਲ, ਵਿਦਵਾਨ ਦੋਸਤੋ ਤੇ ਪਿਆਰੇ ਵਿਦਿਆਰਥੀਓ,

ਸਭ ਤੋਂ ਪਹਿਲਾਂ ਮੈਂ, ਪੰਜਾਬ ਯੂਨੀਵਰਸਿਟੀ ਦੇ ਪੰਜਾਬੀ ਅਧਿਐਨ ਸਕੂਲ ਵਲੋਂ ਪੰਜਾਬ ਕਲਾ ਪਰਿਸ਼ਦ ਦੇ ਸਹਿਯੋਗ ਨਾਲ ਆਯੋਜਿਤ ਇਸ ਸੇਮੀਨਾਰ ਦੇ ਉਦਘਾਟਨੀ ਸੈਸ਼ਨ ਵਿਚ, ਆਪ ਸਭ ਦਾ ਸਵਾਗਤ ਕਰਦਾ ਹਾਂ। ਗੁਰੂ ਨਾਨਕ ਦੇਵ ਜੀ ਦੇ ਸਾਢੇ ਪੰਜ ਸੌ ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇਸ ਸੈਮੀਨਾਰ ਦਾ ਮੁੱਖ ਵਿਸ਼ਾ ਹੈ “ਗੁਰੂ ਨਾਨਕ ਬਾਣੀ ਚਿੰਤਨ : ਪ੍ਰਤਿਰੋਧ ਦਾ ਸਭਿਆਚਾਰ ਤੇ ਦਾਰਸ਼ਨਿਕ ਸੰਵਾਦ”। ਸ਼ਾਇਰਾਨਾ ਅੰਦਾਜ਼ ਵਿਚ ਸੰਕਲਪਿਆ ਗਿਆ ਇਹ ਵਿਸ਼ਾ ਕਈ ਪੱਖਾਂ ਤੋਂ ਮਹੱਤਵਪੂਰਣ ਜਾਪਦਾ ਹੈ। ਗੁਰੂ ਨਾਨਕ ਬਾਣੀ ਸਾਡੇ ਸੱਭਿਆਚਾਰਕ ਵਿਰਸੇ ਦਾ ਮਹੱਤਵਪੂਰਨ ਗਿਆਨ ਪਾਠ ਹੈ ਜੋ ਵਿਰਸੇ ਤੇ ਵਰਤਮਾਨ ਨਾਲ ਸੰਵਾਦ ਰਚਾਉਣ ਵੱਲ ਰੁਚਿਤ ਹੈ। ਇਹ ਬਾਣੀ, ਇੱਕੋ ਵੇਲੇ, ਮਨੁੱਖੀ ਹੋਂਦ ਦੇ ਸਦੀਵੀ ਸਰੋਕਾਰਾਂ ਅਤੇ ਸਮਾਜ ਸੱਭਿਆਚਾਰ ਦੇ ਸਮਕਾਲੀ ਸਮੱਸਿਆਕਾਰਾਂ ਨਾਲ ਸੰਬੰਧਿਤ ਹੈ। ਇਸ ਵਿਚ ਜੀਵਨ ਅਤੇ ਯਥਾਰਥ ਦੇ ਪਰਮ ਸੱਚ ਦੀ ਤਲਾਸ਼ ਦੇ ਨਾਲ ਨਾਲ ਦਮਨਕਾਰੀ ਵਿਵਸਥਾ ਦੇ ਪ੍ਰਤਿਰੋਧ ਦੀ ਤਿੱਖੀ ਸੁਰ ਵੀ ਸੁਣਾਈ ਦਿੰਦੀ ਹੈ। ਅਜਿਹੀ ਸਥਿਤੀ ਵਿੱਚ, ਗੁਰੂ ਨਾਨਕ ਬਾਣੀ ਦੇ ਇਸ ਗਿਆਨ ਪਾਠ ਨੂੰ ਪ੍ਰਤੀਰੋਧ ਅਤੇ ਸੰਵਾਦ ਦੇ ਪ੍ਰਸੰਗ ਵਿੱਚ ਰੱਖ ਕੇ ਵਿਚਾਰਨਾ ਨਿਸ਼ਚੇ ਹੀ ਲਾਹੇਵੰਦ ਹੋਵੇਗਾ। ਸੈਮੀਨਾਰ ਦੇ ਆਯੋਜਕਾਂ ਨੇ ਮੈਨੂੰ ਇਸ ਮਹੱਤਵਪੂਰਨ ਸੈਮੀਨਾਰ ਵਿਚ ਸ਼ਾਮਿਲ ਹੋਣ ਅਤੇ ਆਪਣੇ ਵਿਚਾਰ ਪੇਸ਼ ਕਰਨ ਦਾ ਸੱਦਾ ਦਿੱਤਾ ਹੈ ਜਿਸ ਲਈ ਮੈਂ ਉਨ੍ਹਾਂ ਦਾ ਬਹੁਤ ਧੰਨਵਾਦੀ ਹਾਂ।

ਜਿਹਾ ਕਿ ਅਸੀਂ ਜਾਣਦੇ ਹਾਂ, ਗੁਰੂ ਨਾਨਕ ਦੇਵ ਮੱਧਕਾਲੀਨ ਭਾਰਤ ਦੇ ਉਨ੍ਹਾਂ ਕ੍ਰਾਂਤੀਕਾਰੀ ਧਰਮ-ਪ੍ਰਵਰਤਕਾਂ ਵਿਚੋਂ ਹਨ ਜਿਨ੍ਹਾਂ ਨੇ ਆਪਣੇ ਆਧਿਆਤਮਕ ਸੰਦੇਸ਼ ਰਾਹੀਂ ਤਤਕਾਲੀਨ ਮਾਨਵ ਸਮਾਜ ਨੂੰ ਸਾਰਥਕ ਸੇਧ ਪ੍ਰਦਾਨ ਕੀਤੀ। ਉਹ ਸੰਸਾਰ ਦੇ ਸਭ ਤੋਂ ਆਧੁਨਿਕ ਧਰਮ, ਸਿੱਖ ਧਰਮ, ਦੇ ਮੋਢੀ ਤੇ ਆਦਿ ਗੁਰੂ ਹੋਏ ਹਨ। ਇਸ ਧਰਮ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ, ਭਾਰਤੀ ਉਪ-ਮਹਾਦੀਪ ਦੇ ਸਪਤ-ਸਿੰਧੂ ਖੇਤਰ ਵਿਚ ਵਿਕਸਿਤ ਹੋਈ ਉਸ ਪ੍ਰਾਚੀਨ ਤੇ ਜੀਵੰਤ ਸਭਿਅਤਾ ਨਾਲ ਸੰਬੰਧਿਤ ਹੈ ਜਿਸ ਨੂੰ ਭਾਰਤੀ ਜਾਂ ਹਿੰਦੁਸਤਾਨੀ ਸਭਿਅਤਾ ਆਖਿਆ ਜਾਂਦਾ ਹੈ। ਤਕਰੀਬਨ ਦਸ ਹਜ਼ਾਰ ਸਾਲ ਪੁਰਾਣੀ ਇਸ ਸਭਿਅਤਾ ਦੇ ਅੰਤਰਗਤ ਚਾਰ ਪ੍ਰਮੁੱਖ ਧਰਮ-ਪਰੰਪਰਾਵਾਂ (ਸਨਾਤਨ, ਜੈਨ, ਬੋਧ ਅਤੇ ਸਿਖ) ਵਿਕਸਿਤ ਹੋਈਆਂ ਹਨ ਜਿਨ੍ਹਾਂ ਨੇ ਸੁਤੰਤਰ ਵਿਸ਼ਵ-ਧਰਮਾਂ (World Religions) ਵਜੋਂ ਆਪੋ ਆਪਣੀ ਨਵੇਕਲੀ ਪਹਿਚਾਣ ਸਥਾਪਿਤ ਕੀਤੀ ਹੈ। ਇਨ੍ਹਾਂ ਪਰੰਪਰਾਵਾਂ ਵਿਚ, ਪੰਥ, ਮਤ, ਸਿਧਾਂਤ ਅਤੇ ਸਾਧਨਾ ਦੀਆਂ ਭਿੰਨਤਾਵਾਂ ਦੇ ਬਾਵਜੂਦ, ਵਿਸ਼ਵ-ਦ੍ਰਸ਼ਟੀ ਅਤੇ ਜੀਵਨ-ਜਾਚ ਦੀ ਸਮਾਨਤਾ ਦੇ ਅਨੇਕਾਂ ਸੂਤਰ ਵੀ ਦ੍ਰਿਸ਼ਟੀਗੋਚਰ ਹੁੰਦੇ ਹਨ ਜੋ ਅਨੇਕਤਾ ਵਿਚ ਏਕਤਾ ਦੀ ਖੂਬਸੂਰਤ ਮਿਸਾਲ ਪੇਸ਼ ਕਰਦੇ ਹਨ।

ਇਕ ਅਦੁੱਤੀ ਧਰਮ ਪ੍ਰਵਰਤਕ ਹੋਣ ਦੇ ਨਾਲ ਨਾਲ ਗੁਰੂ ਨਾਨਕ ਦੇਵ ਦਾ ਸੰਬੰਧ ਮੱਧਕਾਲੀਨ ਭਾਰਤ ਦੀ ਉਸ ਨਵ-ਜਾਗ੍ਰਿਤੀ ਲਹਿਰ ਨਾਲ ਵੀ ਹੈ ਜਿਸ ਨੂੰ ਭਗਤੀ ਲਹਿਰ ਆਖਿਆ ਜਾਂਦਾ ਹੈ। ਇਸ ਕ੍ਰਾਂਤੀਕਾਰੀ ਲਹਿਰ ਨੇ ਭਾਰਤੀ ਲੋਕ-ਮਨ ਨੂੰ ਵਿਦੇਸ਼ੀ ਮੂਲ ਦੇ (ਤੁਰਕ, ਅਫ਼ਗ਼ਾਨ, ਮੰਗੋਲ) ਹਮਲਾਵਰਾਂ ਤੇ ਦਮਨਕਾਰੀ ਸ਼ਾਸਕਾਂ ਦੇ ਸਦੀਆਂ ਤੋਂ ਤੁਰੇ ਆ ਰਹੇ ਆਤੰਕ ਤੋਂ ਮਾਨਸਿਕ ਮੁਕਤੀ ਪ੍ਰਦਾਨ ਕਰਨ ਦਾ ਉਪਰਾਲਾ ਕੀਤਾ। ਇਸ ਤੋਂ ਇਲਾਵਾ ਇਸ ਲਹਿਰ ਨਾਲ ਸੰਬੰਧਿਤ ਸੰਤਾਂ ਅਤੇ ਭਗਤਾਂ ਨੇ ਤਤਕਾਲੀ ਭਾਰਤੀ ਸਮਾਜ ਵਿਚ ਪ੍ਰਚੱਲਤ ਖੋਖਲੇ ਕਰਮਕਾਂਡਾਂ ਅਤੇ ਸਾਮਾਜਿਕ ਕੁਰੀਤੀਆਂ ਦਾ ਵੀ ਖੰਡਨ ਕੀਤ ਅਤੇ ਧਰਮ ਨੂੰ ਉਸ ਦੇ ਹਕੀਕੀ (ਅਧਿਆਤਮਕ) ਅਰਥਾਂ ਵਿਚ ਸਥਾਪਿਤ ਕੀਤਾ। ਇਸੇ ਦੌਰਾਨ ਹੀ ਭਾਰਤ ਅਤੇ ਪੰਜਾਬ ਵਿਚ ਸੂਫ਼ੀ ਲਹਿਰ ਦਾ ਵਿਕਾਸ ਵੀ ਸਾਮ੍ਹਣੇ ਆਉਂਦਾ ਹੈ ਜਿਸ ਨੇ ਇਸਲਾਮ ਦੀ ਰਹੱਸਵਾਦੀ ਵਿਆਖਿਆ ਨੂੰ ਆਧਾਰ ਬਣਾ ਕੇ ਇਨਸਾਨ-ਦੋਸਤੀ ਅਤੇ ਭਾਈਚਾਰੇ ਦਾ ਸੰਦੇਸ਼ ਸੰਚਾਰਿਤ ਕੀਤਾ। ਇਸ ਲਹਿਰ ਨੇ ਪੰਜਾਬੀ ਸਾਹਿਤ-ਸਭਿਆਚਾਰ ਦੇ ਵਿਕਾਸ ਵਿਚ ਵੀ ਭਰਪੂਰ ਯੋਗਦਾਨ ਦਿੱਤਾ। ਇਸ ਗੱਲ ਦਾ ਪ੍ਰਮਾਣ ਬਾਬਾ ਫਰੀਦ, ਸ਼ਾਹ ਹੁਸੈਨ, ਸੁਲਤਾਨ ਬਾਹੂ ਅਤੇ ਬੁੱਲ੍ਹੇ ਸ਼ਾਹ ਵਰਗੇ ਸੂਫੀ ਸ਼ਾਇਰਾਂ ਦੇ ਰੂਹਾਨੀ ਕਲਾਮ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ। ਬਾਬਾ ਫਰੀਦ ਦਾ ਕਲਾਮ ਤਾਂ ਸ਼ਬਦਾਂ ਅਤੇ ਸ਼ਲੋਕਾਂ ਦੇ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਵੀ ਸ਼ਾਮਿਲ ਕੀਤਾ ਗਿਆ ਹੈ। ਗੁਰੂ ਨਾਨਕ ਦੇਵ ਨੇ ਬਾਣੀ ਦੇ ਰੂਪ ਵਿਚ ਵਡ-ਆਕਾਰੀ ਕਾਵਿ ਸਿਰਜਣਾ ਵੀ ਕੀਤੀ ਜਿਸਦਾ ਪ੍ਰਾਮਾਣਿਕ ਸੰਕਲਨ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬੀੜ ਵਿਚ ਸ਼ਾਮਿਲ ਹੈ। ਇਸ ਪਾਵਨ-ਗ੍ਰੰਥ ਵਿਚ ਇਹ ਬਾਣੀ 19 ਰਾਗਾਂ ਦੇ ਅੰਤਰਗਤ ਦਰਜ ਹੈ। ਇਹ ਬਾਣੀ ਵੇਲੇ ਦੀ ਪ੍ਰਚੱਲਤ ਲੋਕ ਭਾਸ਼ਾ ਦੇ ਨਾਲ ਨਾਲ ਭਾਰਤੀ ਦਰਸ਼ਨ ਦੀ ਸੰਕਲਪੀ ਸ਼ਬਦਾਵਲੀ ਦੀ ਵਰਤੋਂ ਵੀ ਕਰਦੀ ਹੈ। ਇਹ ਭਾਰਤ ਦੀ ਸਨਾਤਨ ਗਿਆਨ ਪਰੰਪਰਾ ਨਾਲ ਰਚਨਾਤਮਕ ਸੰਵਾਦ ਸਥਾਪਿਤ ਕਰਦੀ ਹੈ ਅਤੇ ਨਵੇਲਕੀ ਭਾਂਤ ਦੇ ਦਾਰਸ਼ਨਿਕ ਪ੍ਰਵਚਨ ਦੀ ਸਿਰਜਣਾ ਕਰਦੀ ਹੈ।

ਕੋਈ ਵੀ ਸਾਹਿਤਕ ਪਾਠ ਆਪਣੇ ਸਮਕਾਲੀ ਇਤਿਹਾਸਕ ਯਥਾਰਥ, ਅਤੇ ਸਮਾਜ-ਸਭਿਆਚਾਰ ਨਾਲ ਵੀ ਡੂੰਘੀ ਤਰ੍ਹਾਂ ਜੁੜਿਆ ਹੁੰਦਾ ਹੈ ਅਤੇ ਆਪਣੇ ਦੌਰ ਦੀਆਂ ਸਾਹਿਤਕ ਪਰੰਪਰਾਵਾਂ ਨਾਲ ਵੀ ਸੰਬੰਧਿਤ ਹੁੰਦਾ ਹੈ। ਕੋਈ ਵੀ ਨਵਾਂ ਜਾਂ ਕ੍ਰਾਂਤੀਕਾਰੀ ਪ੍ਰਵਚਨ ਖ਼ਲਾ ਵਿਚੋਂ ਪੈਦਾ ਨਹੀਂ ਹੁੰਦਾ ਸਗੋਂ ਵਰਤਮਾਨ ਅਤੇ ਅਤੀਤ ਵਿਚਕਾਰ ਸੰਵਾਦ ਦੀ ਉਪਜ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਵੀ ਆਪਣੇ ਸਾਹਿਤਕ ਅਤੇ ਸਭਿਆਚਾਰਕ ਵਿਰਸੇ ਨਾਲ ਸੰਵਾਦ ਰਚਾ ਕੇ ਹੀ ਆਪਣੀ ਵਿਲੱਖਣਤਾ ਸਥਾਪਿਤ ਕੀਤੀ ਹੈ। ਗੁਰੂ ਨਾਨਕ ਬਾਣੀ ਇਸ ਗੱਲ ਦਾ ਉਘੜਵਾਂ ਪ੍ਰਮਾਣ ਪੇਸ਼ ਕਰਦੀ ਹੈ। ਗੁਰੂ ਨਾਨਕ ਬਾਣੀ ਦੇ ਵਿਸ਼ੈਗਤ ਸਰੋਕਾਰਾਂ ਦਾ ਦਾਇਰਾ ਬਹੁਤ ਵਿਸ਼ਾਲ ਹੈ ਇਸ ਵਿਚ ਜੀਵ, ਜਗਤ ਅਤੇ ਸ੍ਰਿਸ਼ਟੀ ਰਚਨਾ ਦੇ ਦਾਰਸ਼ਨਿਕ ਵਿਵੇਚਨ ਤੋਂ ਲੈ ਕੇ ਸਮਕਾਲੀ ਯਥਾਰਥ ਅਤੇ ਇਤਿਹਾਸ ਦੇ ਅਨੇਕਾਂ ਪਾਸਾਰਾਂ ਨੂੰ ਖੋਲ੍ਹਣ ਦਾ ਉਪਰਾਲਾ ਕੀਤਾ ਗਿਆ ਹੈ ਜਿਨ੍ਹਾਂ ਦਾ ਆਪਣਾ ਮਹੱਤਵ ਹੈ। ਅੱਜ ਦੇ ਸੈਮੀਨਾਰ ਵਿਚ, ਮੁੱਖ ਤੌਰ ਤੇ, ਇਸਦੇ ਕੇਵਲ ਦੋ ਸਰੋਕਾਰਾਂ ਨੂੰ ਧਿਆਨ ਦੇ ਕੇਂਦਰ ਵਿਚ ਰੱਖਣ ਦਾ ਸੁਝਾਉ ਦਿੱਤਾ ਗਿਆ ਹੈ - ਪ੍ਰਤਿਰੋਧ ਦਾ ਸਭਿਆਚਾਰ ਅਤੇ ਦਾਰਸ਼ਨਿਕ ਸੰਵਾਦ। ਗੁਰਬਾਣੀ ਦੇ ਪ੍ਰਵਚਨ ਵਿਚ ਇਨ੍ਹਾਂ ਦੋਹਾਂ ਸਰੋਕਾਰਾਂ ਦਾ ਕੇਂਦਰੀ ਮਹੱਤਵ ਸਹਿਜੇ ਹੀ ਸਵੀਕਾਰ ਕੀਤਾ ਜਾ ਸਕਦਾ ਹੈ।

ਸਭ ਤੋਂ ਪਹਿਲਾਂ ਗੁਰਬਾਣੀ ਦੇ ਸੰਦਰਭ ਵਿਚ ਪ੍ਰਤਿਰੋਧ ਦੇ ਸਭਿਆਚਾਰ ਦੀ ਗੱਲ ਕਰਨੀ ਉਚਿਤ ਹੈ। ਪ੍ਰਤਿਰੋਧ ਦਾ ਸ਼ਾਬਦਿਕ ਅਰਥ ਹੈ ਮੁਖਾਫ਼ਤ ਕਰਨਾ ਜਾਂ ਨਾਬਰ ਹੋਣਾ। ਇਹ ਕਿਸੇ ਵਿਅਕਤੀ ਜਾਂ ਸਮੂਹ ਦੀ ਮਾਨਸਿਕਤਾ ਨੂੰ ਪ੍ਰਭਾਵਿਤ ਕਰਨ ਵਾਲੀ ਅਜਿਹੀ ਪ੍ਰਵਿਰਤੀ ਹੈ ਜੋ ਹਰ ਤਰ੍ਹਾਂ ਦੇ ਦਮਨ, ਸ਼ੋਸ਼ਣ ਅਤੇ ਅਨਿਆਂ ਦੇ ਖਿਲਾਫ ਡਟ ਕੇ ਖਲੋ ਜਾਣ ਵਲ ਰੁਚਿਤ ਹੁੰਦੀ ਹੈ। ਇਹੀ ਉਹ ਪ੍ਰਵਿਰਤੀ ਜਾਂ ਮਨੋਸਥਿਤੀ ਹੈ ਜੋ ਨੀਵੇਂ / ਨਿਤਾਣੇ ਵਿਅਕਤੀ ਦੇ ਮਨ ਵਿਚ ਮਾਨਵ-ਦੋਖੀ ਵਿਵਸਥਾ ਨੂੰ ਵੰਗਾਰਨ ਅਤੇ ਹੱਕ-ਸੱਚ ਲਈ ਲੜਨ ਦਾ ਹੌਸਲਾ ਪੈਦਾ ਕਰਦੀ ਹੈ। ਗੁਰੂ ਨਾਨਕ ਬਾਣੀ ਵਿਚ ਪ੍ਰਤਿਰੋਧ ਦੀ ਇਸ ਪ੍ਰਵਿਰਤੀ ਦਾ ਪ੍ਰਗਟਾਵਾ ਭਾਰਤ ਦੇ ਤਤਕਾਲੀ ਇਤਿਹਾਸ ਅਤੇ ਸਾਮਾਜਿਕ ਵਿਵਸਥਾ ਦੇ ਪ੍ਰਸੰਗ ਵਿਚ ਸਾਮ੍ਹਣੇ ਆਉਂਦਾ ਹੈ। ਇਤਿਹਾਸਕ ਦ੍ਰਿਸ਼ਟੀ ਤੋਂ ਗੁਰੂ ਨਾਨਕ ਬਾਣੀ ਦਾ ਰਚਨਾ ਕਾਲ ਮੱਧਕਾਲ ਦੇ ਅੰਤਰਗਤ ਆਉਂਦਾ ਹੈ। ਇਹ ਸਮਾਂ ਭਾਰਤ ਵਿਚ ਹਮਲਾਵਰ ਦੇ ਰੂਪ ਵਿਚ ਪ੍ਰਵੇਸ਼ ਕਰਨ ਵਾਲੇ ਸਾਮੀ / ਇਸਲਾਮੀ ਸਭਿਆਚਾਰ ਦੀ ਚੜ੍ਹਤ ਦਾ ਲਖਾਇਕ ਹੈ। ਭਾਵੇਂ ਅੱਠਵੀਂ ਸਦੀ ਈਸਵੀਂ ਦੇ ਆਰੰਭ ਵਿਚ ਹੀ ਮੁਹੰਮਦ ਬਿਨ ਕਾਸਿਮ ਨੇ ਅਰਬ ਵਲੋਂ ਸਿੰਧ ਉੱਤੇ ਹਮਲਾ ਕਰਕੇ ਇਸਲਾਮ ਦੇ ਭਾਰਤ ਵਿਚ ਪ੍ਰਵੇਸ਼ ਦਾ ਮੁੱਢ ਬੰਨ੍ਹ ਦਿੱਤਾ ਸੀ ਪਰ ਇਸਦੇ ਹਕੀਕੀ ਪ੍ਰਸਾਰ ਦਾ ਰਾਹ ਦਸਵੀਂ ਸਦੀ ਈਸਵੀ ਵਿਚ ਸੁਬਕਤਗ਼ੀਨ, ਮਹਿਮੂਦ ਗ਼ਜ਼ਨਵੀ ਅਤੇ ਮੁਹੰਮਦ ਗ਼ੌਰੀ ਦੇ ਉਪੋਥਲੀ ਹਮਲਿਆਂ ਨੇ ਖੋਲ੍ਹਿਆ। ਤੁਰਕ ਅਤੇ ਮੁਗ਼ਲ ਹਮਲਿਆਂ ਨੇ ਪੰਜਾਬ ਅਤੇ ਭਾਰਤ ਵਿਚ ਸਾਮੀ / ਇਸਲਾਮੀ ਸਭਿਆਚਾਰ ਦੇ ਪ੍ਰਭਾਵ ਦਾ ਰਾਹ ਖੋਲ੍ਹ ਦਿੱਤਾ ਜੋ ਆਰੀਆ-ਹਿੰਦੂ ਸਭਿਆਚਾਰ ਨਾਲੋਂ ਬਿਲਕੁਲ ਵੱਖਰਾ ਸੀ। ਕਈ ਮੁਸਲਿਮ ਹਾਕਮਾਂ ਨੇ ਆਪਣੀ ਕੱਟੜ ਮਜ਼੍ਹਬੀ ਨੀਤੀ ਦੇ ਤਹਿਤ ਗ਼ੈਰ-ਮੁਸਲਿਮ ਪਰਜਾ ਨੂੰ ਦਹਿਸ਼ਤ, ਦਮਨ ਅਤੇ ਵਿਤਕਰੇ ਦਾ ਸ਼ਿਕਾਰ ਬਣਾਇਆ ਜਿਸ ਵਿਚ ਜਬਰੀ ਧਰਮ-ਪਵਿਰਤਨ ਅਤੇ ਹਿੰਦੂ-ਪੂਜਾ ਸਥਾਨਾਂ ਦੀ ਬਰਬਾਦੀ ਅਤੇ ਬੇਹੁਰਮਤੀ ਵੀ ਸ਼ਾਮਿਲ ਸੀ।

ਗੁਰੂ ਨਾਨਕ ਬਾਣੀ ਵਿਚ ਪ੍ਰਤਿਰੋਧ ਦੀ ਸਭ ਤੋਂ ਉੱਘੜਵੀਂ ਮਿਸਾਲ 'ਬਾਬਰਵਾਣੀ' ਦੇ ਨਾਮ ਨਾਲ ਪ੍ਰਸਿੱਧ ਚਾਰ ਸਬਦਾਂ ਵਿਚ ਮਿਲਦੀ ਹੈ। "ਇਹ ਚਾਰ ਸ਼ਬਦ ਹਨ— (1) ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ , (2) ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰ , (3) ਕਹਾ ਸੁ ਖੇਲ ਤਬੇਲਾ ਘੋੜੇ ਕਹਾ ਭੇਰੀ ਸਹਨਾਈ , (4) ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ । ਇਨ੍ਹਾਂ ਵਿਚੋਂ ਪਹਿਲੇ ਤਿੰਨ ਆਸਾ ਰਾਗ ਵਿਚ ਉਚਾਰੇ ਹੋਏ ਹਨ ਅਤੇ ਚੌਥਾ ਤਿਲੰਗ ਰਾਗ ਵਿਚ । ਇਨ੍ਹਾਂ ਸ਼ਬਦਾਂ ਵਿਚ ਗੁਰੂ ਨਾਨਕ ਦੇਵ ਜੀ ਦੀ ਰਾਜਨੈਤਿਕ ਦ੍ਰਿਸ਼ਟੀ , ਸਮਕਾਲੀ ਬਾਦਸ਼ਾਹ ਪ੍ਰਤਿ ਆਕ੍ਰੋਸ਼ ਦੀ ਭਾਵਨਾ ਅਤੇ ਯਥਾਰਥ ਯੁਗ-ਚਿਤ੍ਰਣ ਵਿਸ਼ੇਸ਼ ਉੱਲੇਖਯੋਗ ਹਨ ।"

ਬਾਬਰ ਨੇ 1526 ਈ. ਵਿਚ ਹਿੰਦੁਸਤਾਨ ਉੱਤੇ ਆਪਣੀ ਹਕੂਮਤ ਸਥਾਪਿਤ ਕਰਨ ਤੋਂ ਪਹਿਲਾਂ 1519 ਈ. ਤੋਂ ਲੇ ਕੇ 1526 ਈ. ਤਕ ਚਾਰ ਹਮਲੇ ਕੀਤੇ। 1520 ਈ. ਨੂੰ ਗੁਰੂ ਨਾਨਕ ਦੇਵ ਉਸਦੇ ਤੀਸਰੇ ਧਾੜਵੀ ਹਮਲੇ ਦੀ ਜ਼ੱਦ ਵਿਚ ਆਏ ਪੱਛਮੀ ਪੰਜਾਬ ਦੇ ਇਕ ਕਸਬੇ, ਸੈਦ ਪੁਰ (ਏਮਨਾਬਾਦ), ਵਿਚ ਰੁਕੇ ਹੋਏ ਸਨ। ਇਸ ਹਮਲੇ ਦੀ ਭਿਆਨਕ ਤਬਾਹੀ ਦਾ ਹਾਲ ਚਸ਼ਮਦੀਦ ਕਾਵਿਕ ਬਿਰਤਾਂਤ ਉਨ੍ਹਾਂ ਦੀ ਬਾਣੀ ਵਿਚ ਅੰਕਿਤ ਹੈ। ਇਹ ਬਿਰਤਾਂਤ ਗੁਰੂ ਨਾਨਕ ਬਾਣੀ ਵਿਚ ਰਾਗ ਆਸਾ ਅਤੇ ਰਾਗ ਤੇਲੰਗ ਵਿਚ ਰਚੇ ਗਏ ਚਾਰ ਸ਼ਬਦਾਂ ਵਿਚ ਮਿਲਦਾ ਹੈ ਜਿਨ੍ਹਾਂ ਨੂੰ ਰਵਾਇਤੀ ਤੌਰ ਤੇ 'ਬਾਬਰਵਾਣੀ' ਦੇ ਸ਼ਬਦ ਵੀ ਆਖਿਆ ਜਾਂਦਾ ਹੈ। ਇਨ੍ਹਾਂ ਸ਼ਬਦਾਂ ਵਿਚੋਂ ਕੁਝ ਪੰਗਤੀਆਂ ਪੇਸ਼ ਹਨ :

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ॥

ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥

ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥੧॥

ਕਰਤਾ ਤੂੰ ਸਭਨਾ ਕਾ ਸੋਈ ॥

ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ ॥੧॥ ਰਹਾਉ ॥

ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ ॥ (ਗੁਰੂ ਗ੍ਰੰਥ ਸਾਹਿਬ, 360)

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥

ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥

ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥

ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ॥ (ਗੁਰੂ ਗ੍ਰੰਥ ਸਾਹਿਬ, 722-23)

ਇਨ੍ਹਾਂ ਪੰਗਤੀਆਂ ਵਿਚ ਗੁਰੂ ਕਵੀ ਨੇ ਵਿਦੇਸ਼ੀ ਧਾੜਵੀ ਦੇ ਭਿਆਨਕ ਹਮਲੇ ਦਾ ਜੋ ਕਾਵਿਕ ਬਿਰਤਾਂਤ ਸਿਰਜਿਆ ਹੈ ਉਹ ਬਹੁਤ ਪ੍ਰਭਾਵਸ਼ਾਲੀ ਹੈ। ਹਿੰਦੁਸਤਾਨ ਦੀ ਲੋਕਾਈ ਉੱਤੇ ਜ਼ੁਲਮ ਕਮਾਉਣ ਲਈ 'ਪਾਪ ਦੀ ਬਾਰਾਤ' ਲੈ ਕੇ ਆਏ ਧਾੜਵੀ ਬਾਬਰ ਦੇ ਸਨਮੁਖ ਨਾਬਰੀ ਦੇ ਬੋਲ ਉਚਾਰਨ ਵਾਲੀਆਂ ਇਹ ਪੰਗਤੀਆਂ ਪ੍ਰਤਿਰੋਧ ਦਾ ਹੀ ਪ੍ਰਗਟਾਵਾ ਕਰਦੀਆਂ ਹਨ। ਇਨ੍ਹਾਂ ਵਿਚਲਾ ਸੰਦਰਭ ਆਪਣੇ ਆਪ ਵਿਚ ਪੂਰੀ ਤਰ੍ਹਾਂ ਸਪਸ਼ਟ ਤੇ ਭਾਵ-ਪੂਰਤ ਹੈ। ਇਸਨੂੰ ਕਿਸੇ ਹੋਰ ਦੀ ਵਿਆਖਿਆ ਦੀ ਲੋੜ ਨਹੀਂ। ਇਸ ਪੱਖੋਂ ਗੁਰੂ ਕਵੀ ਦਾ ਸਾਰ-ਗਰਭਿਤ ਕਥਨ - "ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ" ਵਿਸ਼ੇਸ਼ ਤੌਰ ਤੇ ਵਿਚਾਰਣਯੋਗ ਹੈ। ਹਮਲੇ ਦੀ ਭਿਆਨਕਤਾ ਅਤੇ ਹਮਲਾਵਰ ਦੇ ਆਤੰਕ ਕਾਰਣ ਵਾਪਰੇ ਇਸ ਗਹਿਰੇ ਮਾਨਵੀ ਸੰਕਟ ਦੀ ਘੜੀ ਵਿਚ ਸਚ ਦਾ ਬੋਲ ਉਚਾਰਨਾ ਨਿਸ਼ਚੇ ਹੀ ਨੈਤਿਕ ਦਲੇਰੀ ਵਾਲਾ ਜੁੱਰਤ-ਭਰਪੂਰ ਕਾਰਜ ਹੈ। ਗੁਰੂ ਕਵੀ ਦੀ ਨਜ਼ਰ ਵਿਚ ਬੋਲਣ ਦਾ ਇਸ ਨਾਲੋਂ ਢੁਕਵਾਂ ਸਮਾ ਹੋਰ ਕੋਈ ਨਹੀਂ ਸੀ। ਇਸ ਤਰ੍ਹਾਂ ਗੁਰੂ ਨਾਨਕ ਬਾਣੀ ਦੀ ਇਸ ਪੰਗਤੀ ਵਿਚ ਉਚਾਰੇ ਗਏ ਬੋਲ ਪ੍ਰਤਿਰੋਧ ਦਾ ਪ੍ਰਾਮਾਣਿਕ ਪ੍ਰਗਟਾਵਾ ਬਣ ਕੇ ਉਜਾਗਰ ਹੁੰਦੇ ਹਨ।

ਗੁਰੂ ਨਾਨਕ ਬਾਣੀ ਵਿਚ ਪੇਸ਼ ਹੋਈ ਪ੍ਰਤਿਰੋਧ ਦੀ ਇਹ ਮਨੋਸਥਿਤੀ ਕੇਵਲ ਬਾਬਰ ਦੇ ਹਮਲੇ ਤਕ ਸੀਮਤ ਨਹੀ ਇਹ ਸਮਕਾਲੀ ਇਤਿਹਾਸਕ ਯਥਾਰਥ ਨਾਲ ਵੀ ਅਪਣਾ ਸਰੋਕਾਰ ਜੋੜਦੀ ਹੈ। ਮਹਿਮੂਦ ਗ਼ਜ਼ਨਵੀ ਤੇ ਮੁਹੰਮਦ ਗ਼ੌਰੀ ਦੇ ਉਪਰੋਥਲੀ

ਹਮਲਿਆਂ ਤੋਂ ਬਾਦ 1206 ਈ. ਦਿੱਲੀ ਸਲਤਨਤ ਦੀ ਸਥਾਪਤੀ ਦੇ ਨਾਲ ਭਾਰਤ ਓਪਰੇ, ਵਿਦੇਸ਼ੀ, ਸਭਿਆਚਾਰ ਦੀ ਨੁਮਾਇੰਦਗੀ ਕਰਨ ਵਾਲੇ ਮੁਸਲਿਮ ਸ਼ਾਸਨ ਦੇ ਅਧੀਨ ਆ ਗਿਆ। ਧਾਰਮਿਕ ਵਿਤਕਰਾ, ਸਭਿਆਚਾਰਕ ਦਮਨ ਅਤੇ ਆਰਥਿਕ ਸ਼ੋਸ਼ਣ ਇਸ ਸ਼ਾਸਨ ਦਾ ਮੁੱਖ ਖਾਸਾ ਸੀ।1526 ਈ. ਨੂੰ ਬਾਬਰ ਨੇ ਮੁਗ਼ਲੀਆ ਸਲਤਨਤ ਦੀ ਨੀਂਹ ਰੱਖੀ ਪਰ ਮੁਸਲਿਮ ਸ਼ਾਸਨ ਦੀ ਨਿਰੰਤਰਤਾ ਬਣੀ ਰਹੀ ਅਤੇ ਸ਼ਾਸਨ ਦੀ ਧਾਰਮਿਕ ਵਿਤਕਰੇ ਤੇ ਸਭਿਆਚਾਰਕ ਦਮਨ ਦੀ ਨੀਤੀ ਵਿੱਚ ਬਹੁਤਾ ਅੰਤਰ ਨਹੀਂ ਵਾਪਰਿਆ। ਗੁਰੂ ਨਾਨਕ ਦੇਵ ਨੇ ਆਪਣੀ ਬਾਣੀ ਵਿਚ ਇਸ ਸਮੁੱਚੇ ਦੌਰ ਦੀ ਤੁਲਨਾ ਭਾਰਤੀ ਲੋਕ ਮਨ ਵਿਚ ਵਸੇ ਹੋਏ 'ਕਲਿਯੁਗ' ਦੀ ਮਿਥਕ ਸੰਕਲਪਨਾ ਨਾਲ ਕੀਤੀ ਹੈ :

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥

ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥

ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥

ਵਿਚਿ ਹਉਮੈ ਕਰਿ ਦੁਖੁ ਰੋਈ ॥ ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥੧॥ (ਗੁਰੂ ਗ੍ਰੰਥ ਸਾਹਿਬ, 145)

ਭਾਰਤੀ ਪਰੰਪਰਾ ਵਿਚ ਕਲਿਯੁਗ ਨੈਤਿਕ ਵਿਧਾਨ ਦੇ ਵਿਗਠਨ ਦਾ ਲਖਾਇਕ ਹੈ। ਗੁਰੂ ਜੀ ਨਜ਼ਰ ਵਿਚ ਰਾਜਾ ਤੇ ਪਰਜਾ, ਹਾਕਮ ਤੇ ਮਹਿਕੂਮ ਦੋਵੇਂ ਹੀ ਇਸ ਨੈਤਿਕ ਵਿਗਠਨ ਦਾ ਸ਼ਿਕਾਰ ਹਨ। ਇਕੱਲੇ ਰਾਜੇ ਹੀ ਨਹੀਂ ਸਗੋਂ ਸਮੁੱਚਾ ਪ੍ਰਬਧਕੀ ਢਾਂਚਾ ਭ੍ਰਸ਼ਟਾਚਾਰ ਵਿਚ ਗ੍ਰੱਸਿਆ ਹੋਇਆ ਹੈ :

ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨਿ੍ ਬੈਠੇ ਸੁਤੇ॥

ਚਾਕਰ ਨਹਦਾ ਪਾਇਨਿ੍ ਘਾਉ ॥ ਰਤੁ ਪਿਤੁ ਕੁਤਿਹੋ ਚਟਿ ਜਾਹੁ ॥ (ਗੁਰੂ ਗ੍ਰੰਥ ਸਾਹਿਬ, 1288)

ਇਸੇ ਤਰ੍ਹਾਂ ਦਾ ਹਾਲ ਪਰਜਾ (ਰਯਤਿ) ਦਾ ਹੈ :

ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ ॥

ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ ॥

ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ॥ (ਗੁਰੂ ਗ੍ਰੰਥ ਸਾਹਿਬ, 469-70)

ਇਸ ਭ੍ਰਸ਼ਟਾਚਾਰੀ ਬਿਰਤੀ ਦੇ ਸ਼ਿਕਾਰ ਹਿੰਦੂ ਵੀ ਹਨ ਅਤੇ ਮੁਸਲਮਾਨ ਵੀ :

ਮਾਣਸ ਖਾਣੇ ਕਰਹਿ ਨਿਵਾਜ ॥ ਛੁਰੀ ਵਗਾਇਨਿ ਤਿਨ ਗਲਿ ਤਾਗ ॥

ਤਿਨ ਘਰਿ ਬ੍ਰਹਮਣ ਪੂਰਹਿ ਨਾਦ ॥ ਉਨ੍ਹਾ ਭਿ ਆਵਹਿ ਓਈ ਸਾਦ ॥

ਕੂੜੀ ਰਾਸਿ ਕੂੜਾ ਵਾਪਾਰੁ ॥ ਕੂੜੁ ਬੋਲਿ ਕਰਹਿ ਆਹਾਰੁ ॥

ਸਰਮ ਧਰਮ ਕਾ ਡੇਰਾ ਦੂਰਿ ॥ ਨਾਨਕ ਕੂੜੁ ਰਹਿਆ ਭਰਪੂਰਿ ॥ (ਗੁਰੂ ਗ੍ਰੰਥ ਸਾਹਿਬ, 471)

ਇਸ ਤਰ੍ਹਾਂ ਗੁਰੂ ਨਾਨਕ ਬਾਣੀ ਵਿਚਲੀ ਪ੍ਰਤਿਰੋਧ ਦੀ ਸੁਰ ਆਪਣੇ ਵੇਲੇ ਦੀਆਂ ਇਤਿਹਾਸਕ ਸਥਿਤੀਆਂ, ਸਮਕਾਲੀ ਰਾਜ-ਪ੍ਰਬੰਧ ਅਤੇ ਸਮਾਜ-ਸਭਿਆਚਾਰ ਨਾਲ ਸੰਬੰਧਿਤ ਹੋ ਕੇ ਇਕ ਤਰ੍ਹਾਂ ਨਾਲ ਪ੍ਰਤਿਰੋਧ ਦੇ ਸਭਿਆਚਾਰ ਦਾ ਰੂਪ ਧਾਰ ਲੈਂਦੀ ਹੈ। ਇਹ ਨੈਤਿਕ ਕਦਰਾਂ-ਕੀਮਤਾਂ ਤੋਂ ਸੱਖਣੀ ਵਿਵਸਥਾ ਤੋਂ ਨਾਬਰ ਹੋਣ ਦੀ ਲਖਾਇਕ ਹੋ ਨਿਬੜਦੀ ਹੈ।

ਸੈਮੀਨਾਰ ਦੀ ਮੁੱਖ ਥੀਮ ਦਾ ਦੂਸਰਾ ਪਹਿਲੂ ਦਾਰਸ਼ਨਿਕ ਸੰਵਾਦ ਨਾਲ ਸੰਬੰਧ ਰੱਖਦਾ ਹੈ।, ਗੁਰੂ ਨਾਨਕ ਦੇਵ ਬੁਨਿਆਦੀ ਤੌਰ ਤੇ ਇਕ ਕਵੀ (ਸ਼ਾਇਰ) ਹਨ ਅਤੇ ਉਨ੍ਹਾਂ ਦੀ ਬਾਣੀ ਕਾਵਿਕ ਪ੍ਰਵਚਨ (poetic discourse) ਦੇ ਰੂਪ ਵਿਚ ਪ੍ਰਕਾਸ਼ਮਾਨ ਹੁੰਦੀ ਹੈ। ਇਸ ਵਿਚ ਕਾਵਿ-ਸੰਚਾਰ ਦੀਆਂ ਜੁਗਤਾਂ ਅਤੇ ਵਿਧੀਆਂ ਦੀ ਭਰਪੂਰ ਵਰਤੋਂ ਹੋਈ ਹੈ। ਗੁਰੂ ਨਾਨਕ ਦੇਵ ਖ਼ੁਦ ਆਪਣੇ ਲਈ 'ਸ਼ਾਇਰ" ਜਾਂ 'ਢਾਢੀ' ਸ਼ਬਦ ਦੀ ਵਰਤੋਂ ਕਰਦੇ ਹਨ :

ਨਾਨਕੁ ਸਾਇਰੁ ਏਵ ਕਹਤੁ ਹੈ ਸਚੇ ਪਰਵਦਗਾਰਾ ॥2॥ (ਗੁਰੂ ਗ੍ਰੰਥ ਸਾਹਿਬ, 660)

ਹਉ ਢਾਢੀ ਵੇਕਾਰੁ ਕਾਰੈ ਲਾਇਆ ॥

ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ ॥ (ਗੁਰੂ ਗ੍ਰੰਥ ਸਾਹਿਬ, 150)

ਪਰ ਗੁਰੂ ਨਾਨਕ ਬਾਣੀ ਦੀ ਪ੍ਰਕਿਰਤੀ ਨਿਰੋਲ ਲੌਕਿਕ ਕਾਵਿ ਵਾਲੀ ਨਹੀਂ। ਧਰਮ, ਦਰਸ਼ਨ, ਸਮਾਜ ਅਤੇ ਸਭਿਆਚਾਰ ਨਾਲ ਸੰਬੰਧਿਤ ਅਨੇਕਾਂ ਮਸਲੇ ਤੇ ਸਰੋਕਾਰ ਇਸ ਦੇ ਸਿਰਜਿਤ ਸੰਸਾਰ ਦਾ ਅੰਤਰੰਗ ਹਿੱਸਾ ਹਨ। ਇਸ ਦੇ ਆਲੇ ਦੁਆਲੇ ਤੱਤ-ਮੀਮਾਂਸਾ (ਪਰਾਭੌਤਿਕਤਾ) ਦਾ ਵਾਯੂਮੰਡਲ ਫੈਲਿਆ ਹੋਇਆ ਹੈ ਜੋ ਇਸ ਨੂੰ ਦਾਰਸ਼ਨਿਕ ਕਾਵਿ ਦੀ ਵਿਲੱਖਣ ਵਿਧਾ ਦੇ ਰੂਪ ਵਿਚ ਸਥਾਪਿਤ ਕਰਦਾ ਹੈ। ਇਸ ਤੱਥ ਬਾਰੇ ਗੁਰੂ ਕਵੀ ਪੂਰੀ ਤਰ੍ਹਾਂ ਸੁਚੇਤ ਹਨ। ਇਸ ਸੰਬੰਧੀ ਉਨ੍ਹਾਂ ਦਾ ਇਹ ਕਾਵਿ-ਕਥਨ ਧਿਆਨਯੋਗ ਹੈ :

ਗਾਵਹੁ ਗੀਤੁ ਨ ਬਿਰਹੜਾ ਨਾਨਕ ਬ੍ਰਹਮ ਬੀਚਾਰੋ ॥(ਗੁਰੂ ਗ੍ਰੰਥ ਸਾਹਿਬ, 581)

ਇੱਥੇ 'ਗੀਤ' ਅਤੇ 'ਬਿਰਹੜਾ' ਕਾਵਿ-ਰੂਪਾਂ ਦੇ ਲਖਾਇਕ ਹਨ ਜਦੋਂ ਕਿ 'ਬ੍ਰਹਮ ਵਿਚਾਰ' ਦਾਰਸ਼ਨਿਕ ਚਿੰਤਨ ਵਲ ਸੰਕੇਤ ਕਰਦਾ ਹੈ। ਇਹ ਵੀ ਆਖਿਆ ਜਾ ਸਕਦਾ ਹੈ ਕਿ ਗੁਰੂ ਨਾਨਕ ਦੇਵ ਅਜਿਹੇ ਕਵੀ ਹਨ ਜਿਨ੍ਹਾਂ ਦਾ ਮੁੱਖ ਸਰਕਾਰ 'ਬ੍ਰਹਮ ਵਿਚਾਰ' ਜਾਂ ਦਾਰਸ਼ਨਿਕ ਚਿੰਤਨ ਨਾਲ ਹੈ। ਬਿਲਕੁਲ ਇਸੇ ਕਿਸਮ ਦਾ ਕਥਨ ਭਗਤ ਕਬੀਰ ਜੀ ਦੀ ਬਾਣੀ ਵਿਚ ਵੀ ਮਿਲਦਾ ਹੈ

- “ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ ॥” ਇਹ ਗੱਲ ਗੁਰੂ ਨਾਨਕ ਬਾਣੀ ਨੂੰ ਦਾਰਸ਼ਨਿਕ ਕਾਵਿ ਦੀ ਕੋਟੀ ਵਿਚ ਰੱਖ ਦਿੰਦੀ ਹੈ। ਅਰਥਾਤ ਇਸ ਦੇ ਸਿਰਜਿਤ ਸੰਸਾਰ ਵਿਚ ਦਰਸ਼ਨ ਕਾਵਿਮਈ ਅਤੇ ਕਾਵਿਕਤਾ ਦਰਸ਼ਨਮਈ ਹੋ ਕੇ ਉਜਾਗਰ ਹੁੰਦੀ ਹੈ। ਪਰ ਧਾਰਮਿਕ ਅਨੁਭਵ ਜਾਂ ਦਾਰਸ਼ਨਿਕ ਦ੍ਰਿਸ਼ਟੀਆਂ ਦਾ ਕਾਵਿ ਦੇ ਸੰਗਠਨ ਵਿਚ ਪ੍ਰਵੇਸ਼ ਹੋਣਾ ਇਕ ਗੱਲ ਹੈ ਅਤੇ ਇਨ੍ਹਾਂ ਦ੍ਰਿਸ਼ਟੀਆਂ ਦੀ ਸ਼ਾਸਤਰ-ਸੰਮਤ ਪੇਸ਼ਕਾਰੀ ਦੂਸਰੀ ਗੱਲ। ਗੁਰੂ ਨਾਨਕ ਬਾਣੀ ਕਾਵਿ ਦੇ ਸੰਗਠਨ ਰਾਹੀਂ ਆਪਣੇ ਪ੍ਰਵਚਨ ਦਾ ਨਿਰਮਾਨ ਕਰਦੀ ਹੈ। ਇਸ ਦਾ ਸੁਭਾ ਦਰਸ਼ਨ-ਸ਼ਾਸਤਰ ਵਾਂਗ ਸਿੱਧਾਂਤ-ਨਿਰੂਪਨ ਵਾਲਾ ਨਹੀਂ। ਗੁਰੂ ਨਾਨਕ ਬਾਣੀ ਦੇ ਦਾਰਸ਼ਨਿਕ ਅਧਿਐਨ ਲਈ ਇਸ ਬੁਨਿਆਦੀ ਸਮੱਸਿਆਕਾਰ ਨੂੰ ਧਿਆਨ ਵਿਚ ਰੱਖਣਾ ਜ਼ਰੂਰੀ ਹੈ।

ਗੁਰੂ ਨਾਨਕ ਦੇਵ ਦੀ ਦਾਰਸ਼ਨਿਕ ਦ੍ਰਿਸ਼ਟੀ ਦਾ ਦੂਸਰਾ ਮੁੱਖ ਸੂਤਰ ਸੰਵਾਦ ਦੇ ਰੂਪ ਵਿਚ ਉਜਾਗਰ ਹੁੰਦਾ ਹੈ। ਇਸ ਦਾ ਪ੍ਰਗਟਾਵਾ ਉਨ੍ਹਾਂ ਦੇ ਨਿਮਨ-ਅੰਕਿਤ ਕਾਵਿ-ਕਥਨ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ :

ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ ॥

ਭਾਲਿ ਰਹੇ ਹਮ ਰਹਣੁ ਨ ਪਾਇਆ ਜੀਵਤਿਆ ਮਰਿ ਰਹੀਐ ॥5॥2॥(ਗੁਰੂ ਗ੍ਰੰਥ ਸਾਹਿਬ, 661)

ਇਸ ਕਿਸਮ ਦੇ ਦਾਰਸ਼ਨਿਕ ਸੰਵਾਦ ਦੀ ਬਿਹਤਰੀਨ ਮਿਸਾਲ ਗੁਰੂ ਨਾਨਕ ਬਾਣੀ ਵਿਚਲੀ ਮਹੱਤਵਪੂਰਣ ਬਾਣੀ ‘ਸਿਧ ਗੋਸਟਿ’ ਵਿਚ ਦ੍ਰਿਸ਼ਟੀਗੋਚਰ ਹੁੰਦੀ ਹੈ। ਇਸ ਨੂੰ ਅਸੀਂ ਦਾਰਸ਼ਨਿਕ ਕਾਵਿ ਦੀ ਵੰਨਗੀ ਵਿਚ ਰੱਖ ਸਕਦੇ ਹਾਂ। ਰਵਾਇਤ ਅਨੁਸਾਰ ਇਸ ਰਚਨਾ ਨੂੰ ਗੁਰੂ ਨਾਨਕ ਦੇਵ ਦੇ ਸਿੱਧਾਂ ਨਾਲ ਸੰਵਾਦ ਦੀ ਉਪਜ ਮੰਨਿਆਂ ਜਾਂਦਾ ਹੈ। ‘ਪੁਰਾਤਨ ਜਨਮ ਸਾਖੀ’ ਅਨੁਸਾਰ ਇਹ ਰਚਨਾ ਗੁਰੂ ਕਵੀ ਦੀ ਪੰਜਵੀਂ ਉਦਾਸੀ ਵੇਲੇ ਗੋਰਖ-ਹੱਟੜੀ ਦੇ ਸਥਾਨ ਤੇ ਉਚਾਰੀ ਗਈ ਪਰ ਭਾਈ ਗੁਰਦਾਸ ਅਨੁਸਾਰ ਇਸਦਾ ਰਚਨਾ-ਸਥਾਨ ਅਚਲ ਵਟਾਲਾ ਹੈ ਜਿੱਥੇ ਸ਼ਿਵਰਾਤਰੀ ਦੇ ਮੌਕੇ ਉੱਤੇ ਗੁਰੂ ਜੀ ਨੇ ਸਿੱਧਾਂ ਨਾਲ ਸੰਵਾਦ ਰਚਾਇਆ। ਇਹ ਰਚਨਾ ਉਸੇ ਸੰਵਾਦ ਨੂੰ ਕਾਵਿਕ ਪ੍ਰਬੰਧ ਦੇ ਮਾਧਿਅਮ ਰਾਹੀਂ ਪੁਨਰ-ਸਿਰਜਿਤ ਕਰਦੀ ਹੈ।

ਇੱਥੇ ਗੁਰੂ ਕਵੀ ਪ੍ਰਵਿਰਤੀ ਮਾਰਗ (ਗ੍ਰਹਿਸਤੀ ਜੀਵਨ) ਅਤੇ ਨਿਵਿਰਤੀ ਮਾਰਗ (ਸੰਨਿਆਸ) ਵਿਚਕਾਰ ਸੁਮੇਲ ਸਥਾਪਿਤ ਕਰਨਾ ਲੋਚਦੇ ਹਨ। ਉਹ ਦੋਹਾਂ ਜੀਵਨ-ਵਿਧੀਆਂ ਦੇ ਧਰੁਵੀ ਅੰਤਰ ਨੂੰ ਮਿਟਾ ਕੇ ਦੋਹਾਂ ਵਿਚਕਾਰ ਸਮਨਵਯ ਸਥਾਪਿਤ ਕਰਨ ਦਾ ਉਪਰਾਲਾ ਕਰਦੇ ਹਨ। ਇਸੇ ਤਰ੍ਹਾਂ ਹੀ ਉਨ੍ਹਾਂ ਦਾ ਦਰਸ਼ਨ-ਸ਼ਾਸਤਰ ਆਪਣੇ ਵੇਲੇ ਦੀਆਂ ਵਿਭਿੰਨ ਧਰਮ-ਸੰਪ੍ਰਦਾਵਾਂ ਅਤੇ ਗਿਆਨ-ਪਰੰਪਰਾਵਾਂ ਨਾਲ ਸੰਵਾਦ ਰਚਾਉਣ ਵਲ ਰੁਚਿਤ ਹੁੰਦਾ ਹੈ। ਇਸ ਕਿਸਮ ਦੇ ਸੁਮੇਲ ਦਾ ਉਪਰਾਲਾ ਉਹ ਦੈਵੀ ਸੱਤਾ ਦੀ ਪਾਰਗਾਮਤਾ ਅਤੇ ਸਰਬ-ਵਿਆਪਕਤਾ ਦੇ ਪਰਸਪਰ ਵਿਰੋਧੀ ਸੰਕਲਪਾਂ ਦੇ ਸੰਦਰਭ ਵਿਚ ਕਰਦੇ ਹਨ। ਉਨ੍ਹਾਂ ਦੀ ਦਾਰਸ਼ਨਿਕ ਦ੍ਰਿਸ਼ਟੀ ਅਨੁਸਾਰ ਪਰਮ-ਸੱਚ ਜਾਂ ਸਰਬ-ਉੱਚ ਦੈਵੀ ਸੱਤਾ ਸਰਬ-ਵਿਆਪਕ ਵੀ ਅਤੇ ਸਰਬਾਤੀਤ ਵੀ। ਇਸ ਤਰ੍ਹਾਂ ਗੁਰੂ ਨਾਨਕ ਦਰਸ਼ਨ ਵਿਚਲੀ ਇਹ ਉਦਾਰਤਾ ਨਿਰੋਲ ਸੰਵਾਦ ਦੀ ਸਥਿਤੀ ਤਕ ਸੀਮਤ ਨਹੀਂ ਰਹਿੰਦੀ ਸਗੋਂ ਪਰਸਪਰ ਵਿਰੋਧੀ ਜੀਵਨ-ਵਿਧੀਆਂ ਅਤੇ ਚਿੰਤਨ-ਪ੍ਰਣਾਲੀਆਂ ਵਿਚ ਸੁਮੇਲ ਦਾ ਧਰਾਤਲ ਤਲਾਸ਼ ਕਰਨ ਵਲ ਵੀ ਰੁਚਿਤ ਹੁੰਦੀ ਹੈ।

ਸਿਧ ਗੋਸਟਿ ਬਾਣੀ ਗੁਰੂ ਕਵੀ ਅਤੇ ਸਿੱਧਾਂ ਵਿਚਕਾਰ ਮੁੱਢਲੀ ਜਾਣ-ਪਛਾਣ ਵਾਲੇ ਪ੍ਰਸ਼ਨਾਂ ਤੋਂ ਸ਼ੁਰੂ ਹੋਕੇ ਜੀਵਨ-ਵਿਧੀ ਦੇ ਕੇਂਦਰੀ ਮਸਲੇ ਨਾਲ ਜਾ ਜੁੜਦੀ ਹੈ। ਮਸਲਾ ਹੈ ਜੀਵਨ ਦੇ 'ਦੁੱਤਰ ਸਾਗਰ' ਨੂੰ ਤਰਨ ਦਾ – 'ਦੁਨੀਆ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ' ਤੇ ਉੱਤਰ ਹੈ 'ਨਿਰਲੇਪਤਾ' – 'ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ'॥ ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ'। ਇੰਨੇ ਤਿੱਖੇ ਪ੍ਰਸ਼ਨ ਅਤੇ ਉਨ੍ਹਾਂ ਦਾ ਓਨੀ ਹੀ ਤਿੱਖੀ ਸੂਤਰ ਸ਼ੈਲੀ ਵਿਚ ਉੱਤਰ। ਇਹੀ ਇਸ ਰਚਨਾ ਦੀ ਕਾਵਿਕ ਅਤੇ ਵਿਸ਼ੈਗਤ ਸਾਰਥਕਤਾ ਦਾ ਮੀਰੀ ਗੁਣ ਹੈ।

ਭਾਰਤੀ ਦਰਸ਼ਨ ਦੇ ਕਲਾਸੀਕਲ ਦੌਰ ਤੋਂ ਬਾਦ ਇਸ ਕਿਸਮ ਦਾ ਦਾਰਸ਼ਨਿਕ ਉਪਰਾਲਾ ਬਹੁਤ ਮਹੱਤਵਪੂਰਣ ਜਾਪਦਾ ਹੈ। ਗੁਰੂ ਨਾਨਕ ਦਾ ਇਹ ਦਾਰਸ਼ਨਿਕ ਚਿੰਤਨ ਸੰਵਾਦ ਦੀ ਪ੍ਰਕਿਰਿਆ ਨੂੰ ਭਾਰਤੀ ਸਭਿਅਤਾ ਤੋਂ ਬਾਹਰ ਵਿਕਸਿਤ ਹੋਈ ਅਬਰਾਹਮਕ ਸਭਿਅਤਾ ਤਕ ਲੈ ਜਾਂਦਾ ਹੈ ਅਤੇ ਵਿਵੇਕ ਪੂਰਣ ਢੰਗ ਨਾਲ ਦੋਹਾਂ ਦੀਆਂ ਸਿੱਧਾਂਤਕ ਸਥਾਪਨਾਵਾਂ ਵਿਚਕਾਰ ਸੁਮੇਲ ਸਥਾਪਿਤ ਕਰਨ ਵਲ ਰੁਚਿਤ ਹੁੰਦਾ ਹੈ। ਇਸ ਸਮਨਵਯ ਜਾਂ ਸੁਮੇਲ ਵਿਚ ਗੁਰੂ ਨਾਨਕ ਦਾ ਭਾਰਤੀ ਦਾਰਸ਼ਨਿਕ ਚਿੰਤਨ ਨੂੰ ਵਿਲੱਖਣ ਯੋਗਦਾਨ ਵੀ ਆਪਮੁਹਾਰੇ ਝਲਕਦਾ ਹੈ।

ਗੁਰੂ ਨਾਨਕ ਬਾਣੀ ਇਸੇ ਸੰਵਾਦੀ ਵਿਧੀ ਨੂੰ ਦਾਰਸ਼ਨਿਕ ਸਿਧਾਂਤਾਂ ਦੀ ਪੇਸ਼ਕਾਰੀ ਦਾ ਮਾਧਿਅਮ ਬਣਾਉਣ ਵਲ ਰੁਚਿਤ ਹੁੰਦੇ ਹਨ। ਇਸ ਮੰਤਵ ਲਈ ਉਹ ਭਾਰਤੀ ਦਰਸ਼ਨ ਦੀ ਪਰੰਪਰਾ ਨਾਲ ਸੰਵਾਦ ਰਚਾਉਂਦੇ ਹਨ। ਭਾਵੇਂ ਉਨ੍ਹਾਂ ਦੀ ਤੱਤ-ਮੀਮਾਂਸਾ ਦਾ ਮੂਲ ਆਧਾਰ ਭਾਰਤੀ ਦਰਸ਼ਨ ਦਾ ਸੰਕਲਪੀ ਪ੍ਰਬੰਧ ਹੀ ਬਣਦਾ ਹੈ ਪਰ ਇੱਥੇ ਵੀ ਉਹ ਪਰਮ-ਸੱਚ ਅਤੇ ਪਰਮ-ਯਥਾਰਥ ਦੇ ਸੰਕਲਪ ਨੂੰ ਸਿਰਜਣਾਤਮਕ ਸਮਨਵਯ ਦੀ ਭਾਵਨਾ ਨਾਲ ਪੁਰ-ਪਰਿਭਾਸ਼ਿਤ ਕਰਦੇ ਦਿਖਾਈ ਦਿੰਦੇ ਹਨ। ਇਸ ਗੱਲ ਦਾ ਪ੍ਰਮਾਣ ਉੱਘੜਵੇਂ ਰੂਪ ਵਿਚ ਮੂਲ ਮੰਤਰ ਵਿਚੋਂ ਮਿਲਦਾ ਹੈ :

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ

ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥(ਗੁਰੂ ਗ੍ਰੰਥ ਸਾਹਿਬ, 1)

ਇੱਥੇ ਭਾਰਤੀ ਦਰਸ਼ਨ ਦੀਆਂ ਵਿਭਿੰਨ ਸੰਪ੍ਰਦਾਵਾਂ ਦੀ ਸੰਕਲਪੀ ਸ਼ਬਦਾਵਲੀ ਦਾ ਪ੍ਰਯੋਗ ਸਮਨਵਿਤ ਢੰਗ ਨਾਲ ਕੀਤਾ ਗਿਆ ਹੈ। ਮੂਲ-ਮੰਤਰ ਦੇ ਇਸ ਪਾਠ ਵਿਚ ਵੇਦਾਂਤ ਅਤੇ ਸਾਂਖ ਦਰਸ਼ਨ ਦੇ ਪਰਸਪਰ ਵਿਰੋਧੀ ਸੰਕਲਪਾਂ ਨੂੰ ਸਿਰਜਣਾਤਮਕ ਸੁਮੇਲ ਵਿਚ ਰੱਖ ਕੇ ਪ੍ਰਸਤੁਤ ਕੀਤਾ ਗਿਆ ਹੈ। ੴ ਅਦਵੈਤ ਵੇਦਾਂਤ ਦੇ ਨਿਰਗੁਨ ਨਿਰਾਕਾਰ ਬ੍ਰਹਮ ਦਾ ਪ੍ਰਤੀਕ ਹੈ ਅਤੇ 'ਪੁਰਖ' ਸਾਂਖ ਦਰਸ਼ਨ ਦੀ ਦਵੈਤਵਾਦੀ ਧਾਰਣਾ (ਪੁਰਖ ਤੇ ਪ੍ਰਕਿਰਤੀ ਦੀ ਸਮਾਨੰਤਰ ਸਦੀਵੀ ਹੋਂਦ) ਵਲ ਸੰਕੇਤ ਕਰਦਾ ਹੈ। ਮੂਲ ਮੰਤਰ ਦਾ ਪਾਠ-ਪ੍ਰਬੰਧ ਇਨ੍ਹਾਂ ਦੋਹਾਂ ਪਰਸਪਰ ਵਿਰੋਧੀ ਸੰਕਲਪਾਂ ਵਿਚਕਾਰ ਸੁਮੇਲ ਸਥਾਪਿਤ ਕਰਦਾ ਹੈ। ਇੱਥੇ 'ਕਰਤਾ ਪੁਰਖ' ਸਾਂਖ ਦਰਸ਼ਨ ਵਿਚਲੇ 'ਪੁਰਖ' (ਚੇਤਨ-ਤਤ) ਦੀ ਨਿਸ਼ਕ੍ਰਿਯ ਹੋਂਦ ਦਾ ਲਖਾਇਕ ਨਾ ਹੋ ਕੇ ਕਰਤਾ ਪੁਰਖ ਦੀ ਸਕ੍ਰਿਯ ਹੋਂਦ ਦਾ ਲਖਾਇਕ ਹੋ ਨਿਬੜਦਾ ਹੈ।

ਭਾਰਤੀ ਦਰਸ਼ਨ ਨਾਲ ਸੰਵਾਦ ਦਾ ਸੱਭ ਤੋਂ ਮਹੱਤਵਪੂਰਣ ਪ੍ਰਗਟਾਵਾ ਉਨ੍ਹਾਂ ਦੀ ਬਾਣੀ 'ਮਾਰੂ ਸੋਲਹੇ' ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ। ਇਸ ਵਿਚ ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਦੀ ਸੁੰਨ ਅਵਸਥਾ ਅਤੇ ਫੇਰ ਕਰਤਾ ਪੁਰਖ ਵਲੋਂ ਸ੍ਰਿਸ਼ਟੀ ਦੀ ਰਚਨਾ ਦਾ ਕਾਵਿਕ ਬਿਰਤਾਂਤ ਸਿਰਜਿਆ ਗਿਆ ਹੈ। ਇਸ ਬਾਣੀ ਦੀਆਂ ਕੁਝ ਪੰਗਤੀਆਂ ਪੇਸ਼ ਹਨ :

ਅਰਬਦ ਨਰਬਦ ਧੁੰਧੂਕਾਰਾ ॥ ਧਰਣਿ ਨ ਗਗਨਾ ਹੁਕਮੁ ਅਪਾਰਾ ॥

ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ ॥੧॥

ਖਾਣੀ ਨ ਬਾਣੀ ਪਉਣ ਨ ਪਾਣੀ ॥ ਓਪਤਿ ਖਪਤਿ ਨ ਆਵਣ ਜਾਣੀ ॥

ਖੰਡ ਪਤਾਲ ਸਪਤ ਨਹੀ ਸਾਗਰ ਨਦੀ ਨ ਨੀਰੁ ਵਹਾਇਦਾ ॥੨॥ (ਗੁਰੂ ਗ੍ਰੰਥ ਸਾਹਿਬ, 1035)

ਜਾ ਤਿਸੁ ਭਾਣਾ ਤਾ ਜਗਤੁ ਉਪਾਇਆ ॥ ਬਾਝੁ ਕਲਾ ਆਡਾਣੁ ਰਹਾਇਆ ॥

ਬ੍ਰਹਮਾ ਬਿਸਨੁ ਮਹੇਸੁ ਉਪਾਏ ਮਾਇਆ ਮੋਹੁ ਵਧਾਇਦਾ ॥੧੪॥

ਵਿਰਲੇ ਕਉ ਗੁਰਿ ਸਬਦੁ ਸੁਣਾਇਆ ॥ ਕਰਿ ਕਰਿ ਦੇਖੈ ਹੁਕਮੁ ਸਬਾਇਆ ॥

ਖੰਡ ਬ੍ਰਹਮੰਡ ਪਾਤਾਲ ਅਰੰਭੇ ਗੁਪਤਹੁ ਪਰਗਟੀ ਆਇਦਾ ॥੧੫॥ (ਗੁਰੂ ਗ੍ਰੰਥ ਸਾਹਿਬ, 1036)

ਸ੍ਰਿਸ਼ਟੀ ਰਚਨਾ ਤੋਂ ਪੂਰਬਲੀ ਸਥਿਤੀ ਦਾ ਇਸੇ ਕਿਸਮ ਦਾ ਬਿਰਤਾਂਤ ਭਾਰਤੀ ਸਭਿਅਤਾ ਦੇ ਸਭ ਤੋਂ ਪ੍ਰਾਚੀਨ ਗਿਆਨ-ਗ੍ਰੰਥ 'ਰਿਗਵੇਦ' ਦੀ ਰਚਨਾ "ਨਾਸਦੀਯ ਸੂਕਤ" ਵਿਚ ਪ੍ਰਾਪਤ ਹੈ। ਤੁਲਨਾਤਮਕ ਦ੍ਰਿਸ਼ਟੀ ਤੋਂ ਇਸ ਦੀਆਂ ਮੁੱਢਲੀਆਂ ਪੰਗਤੀਆਂ ਦਾ ਪੰਜਾਬੀ ਅਨੁਵਾਦ ਦ੍ਰਿਸ਼ਟੀਗੋਚਰ ਕਰਨਾ ਉਚਿਤ ਹੋਵੇਗਾ :

ਅਸਤਿ ਨਹੀਂ ਸੀ ਤਦੋਂ, ਨਾ ਹੀ ਸਤਿ ਸੀ, ਅੰਬਰ ਨਹੀਂ ਸੀ, ਨਾ ਹੀ ਪਾਰ ਫੈਲਿਆ ਮਹਾ-ਆਕਾਸ਼।

ਕੱਜਿਆ ਕੀ ਸੀ ਤੇ ਕਿੱਥੇ? ਕਿਸ ਨੇ ਥੰਮਿਆਂ ਸੀ ਏਸਨੂੰ? ਤਦੋਂ ਤਾਂ ਅਗਮ ਅਗਾਧ ਜਲ ਵੀ ਕਿੱਥੇ ਸੀ?

ਮੌਤ ਨਹੀਂ ਸੀ ਤਦੋਂ, ਨਾ ਹੀ ਅਮਰ ਜੀਵਨ, ਦਿਨ ਤੇ ਰਾਤ ਨੂੰ ਵੱਖ ਕਰਨ ਦਾ ਸੰਕੇਤ ਨਹੀਂ ਸੀ ਕੋਈ।

ਪਰ, ਸੁਆਸ ਵਿਹੂਣਾ, ਆਪਣੇ ਆਪ ਤੇ ਨਿਰਭਰ, ਕੇਵਲ ਇਕ ਸੀ ਤਦੋਂ, ਉਸ ਤੋਂ ਸਿਵਾ ਕੋਈ ਦੂਸਰਾ ਨਹੀਂ ਸੀ।

ਹਨੇਰਾ ਸੀ ਤਦੋਂ, ਹਨੇਰੇ ਨਾਲ ਕੱਜਿਆ, ਧੁੰਧੂਕਾਰ ਸੀ ਚਾਰ-ਚੁਫੇਰੇ।

ਹੈ ਸੀ ਤਾਂ ਬਸ ਨਿਰਾਕਾਰ ਸੁੰਨ, ਤਪਸ਼ ਦੀ ਮਹਾ ਊਰਜਾ ਤੋਂ ਉਪਜਿਆ ਪੁੰਜ।

ਫੇਰ ਪਹਿਲੋਂ ਪਹਿਲ, ਕਾਮਨਾ ਦਾ ਹੋਇਆ ਉਭਾਰ, ਮਨ ਦਾ ਆਦਿ-ਜੁਗਾਦੀ ਬੀਜ।

ਅੰਤਰ ਦੀ ਸੂਝ ਵਾਲੇ ਮੁਨੀਜਨਾਂ, ਜਾਣ ਲਿਆ ਸੀ ਭਲੀ ਭਾਂਤ, ਰਿਸ਼ਤਾ ਕੀ ਹੈ, ਹੋਂਦ ਦਾ ਅਣਹੋਂਦ ਨਾਲ।

ਫੈਲਾ ਦਿੱਤਾ ਉਨ੍ਹਾਂ ਸੂਤਰ ਨੂੰ, ਮਹਾ ਸੁੰਨ ਦੇ ਆਰ ਪਾਰ, ਉੱਪਰ-ਵਾਰ ਤੇ ਹੇਠਾਂ ਵੀ।

ਧਾਰਣੀ ਮਹਾ ਸ਼ਕਤੀਆਂ ਤਤਪਰ ਸਨ ਓਥੇ, ਹੇਠਾਂ ਸੀ ਸੱਤਿਆ, ਉੱਪਰ ਅਸੀਮ ਊਰਜਾ।

ਜਾਣਦਾ ਹੈ ਕੌਣ ਅਸਲ ਵਿਚ, ਤੇ ਆਖ ਸਕਦਾ ਹੈ ਕੌਣ? ਕਿੱਥੋਂ ਨਿੰਮਿਆ, ਕਿਵੇਂ ਉਪਜਿਆ, ਇਹ ਸੰਸਾਰ?

ਦੇਵਤੇ ਤਾਂ ਸ੍ਰਿਸ਼ਟੀ ਤੋਂ ਮਗਰੋਂ ਹੋਏ ਵਿੱਦਮਾਨ, ਤਾਂ ਫਿਰ ਕੌਣ ਜਾਣਦਾ ਹੈ, ਰਚੀ ਗਈ ਕਦੋਂ ਇਹ ਰਚਨਾ?

ਕੌਣ ਹੈ ਸ੍ਰਿਸ਼ਟੀ ਦਾ ਕਰਤਾ? ਕਰਤਾ ਜਾਂ ਅਕਰਤਾ? ਅੰਤਰਯਾਮੀ ਕੌਣ ਹੈ, ਉੱਚੇ ਅੰਬਰਾਂ ਵਾਲੀ ਇਸ ਧਰਤ ਦਾ?

ਓਹੀ ਜਾਣਦਾ ਹੈ, ਜੋ ਹੈ ਸੁਆਮੀ ਏਸਦਾ; ਜਾਂ ਫੇਰ ਸ਼ਾਇਦ ਉਹ ਵੀ ਨਹੀਂ ਜਾਣਦਾ।

ਰਿਗਵੇਦ 129.10 (ਅਨੁਵਾਦ: ਜਗਬੀਰ ਸਿੰਘ)

ਦੋਹਾਂ ਰਚਨਾਵਾਂ ਵਿਚ ਸ੍ਰਿਸ਼ਟੀ ਰਚਨਾ ਦੀ ਮੁੱਢਲੀ ਸੁੰਨ-ਅਵਸਥਾ ਬਾਰੇ ਬੁਨਿਆਦੀ ਸਾਂਝ ਦਿਖਾਈ ਦਿੰਦੀ ਹੈ ਪਰ ਰਚਨਾ ਦੇ ਰਚੇ ਜਾਣ ਦਾ ਕਾਰਣ ਸਮੱਸਿਆਗ੍ਰਸਤ ਵਿਸ਼ਾ ਹੈ। ਵੈਦਿਕ ਰਿਸ਼ੀ ਕਾਮਨਾ ਨੂੰ ਇਸ ਦਾ ਕਾਰਣ ਥਾਪਦਾ ਹੈ ਜਦੋਂ ਕਿ ਗੁਰੂ ਨਾਨਕ ਦੇਵ ਕਰਤਾ ਪੁਰਖ ਦੇ 'ਭਾਣੇ' ਨੂੰ ਇਸਦਾ ਕਾਰਣ ਸਥਾਪਿਤ ਕਰਦੇ ਹਨ। ਪਰ ਇਸ ਨਿੱਕੇ ਜਿਹੇ ਅੰਤਰ ਦੇ ਪਿਛੋਕੜ ਵਿਚ ਗੁਰੂ ਨਾਨਕ ਦੇਵ ਦੀ ਵਿਸ਼ਵ-ਦ੍ਰਿਸ਼ਟੀ ਕਾਰਜਸ਼ੀਲ ਹੈ। ਵਿਰਸੇ ਨਾਲ ਸੰਵਾਦ ਇਸੇ ਤਰ੍ਹਾਂ ਰਚਾਇਆ ਜਾਂਦਾ ਹੈ। ਇਸ ਤਰ੍ਹਾਂ ਗੁਰੂ ਨਾਨਕ ਬਾਣੀ ਭਾਰਤੀ ਗਿਆਨ ਪਰੰਪਰਾ ਨਾਲ ਦਾਰਸ਼ਨਿਕ ਸੰਵਾਦ ਰਾਹੀਂ ਆਪਣੀ ਸਿਰਜਣਾਤਮਕ ਵਿਲੱਖਣਤਾ ਦਾ ਪ੍ਰਮਾਣ ਪੇਸ਼ ਕਰਦੀ ਹੈ।